ਵਿਸ਼ਾ-ਸਿਹਤ ਮਹਿਕਮੇ ਵਿਚ ਵੱਖ ਵੱਖ ਕੋਰਸਾਂ ਲਈ ਦਾਖਲਾ

ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ ਮਿਤੀ 9/8/2010 ਨੂੰ ਵੱਖ ਵੱਖ ਅਖਬਾਰਾਂ ਵਿਚ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਲਈ ਇਸ਼ਤਿਹਾਰ ਦਿੱਤਾ ਹੈ। ਮਾਨਯੋਗ ਮੁੱਖ ਮੰਤਰੀ ਜੀ ਨੇ ਜਾਨਣਾ ਚਾਹਿਆ ਹੇ ਕਿ ਕੀ ਇਹਨਾਂ ਉਮੀਦਵਾਰਾਂ ਨੂੰ ਕੋਰਸ ਕਰਨ ਤੋਂ ਬਾਅਦ ਸਰਕਾਰ ਇਹਨਾਂ ਨੂੰ ਨੌਕਰੀ ਦੇ ਰਹੀ ਹੈ। ਸਿਹਤ ਵਿਭਾਗ ਵਿਚ ਜੋ ਵੱਖ ਵੱਖ ਕੋਰਸ ਚੱਲ ਰਹੇ ਹਨ ਉਹਨਾਂ ਦੀ ਸਥਿਤੀ ਹੇਠ ਲਿਖੇ ਪੈਰਿਆਂ ਵਿਚ ਦਰਸਾਈ ਹੈ-

1. ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਜਿਸ ਨੂੰ ਏ.ਐਨ.ਐਮ. ਵੀ ਕਹਿੰਦੇ ਹਨ। ਇਹ ਡੇਢ ਸਾਲ ਦਾ ਕੋਰਸ ਹੈ ਅਤੇ ਹੇਠ ਲਿਖੀਆਂ ਸੰਸਥਾਵਾਂ ਵਿਚ ਸਿਖਲਾਈ ਸਕੂਲ ਖੋਲ੍ਹੇ ਹੋਏ ਹਨ-

(1) ਸਿਖਲਾਈ ਸਕੂਲ, ਸਿਵਲ ਹਸਪਤਾਲ, ਗੁਰਦਾਸਪੁਰ - 40 ਸੀਟਾਂ

(2) ਸਿਖਲਾਈ ਸਕੂਲ, ਸਿਵਲ ਹਸਪਤਾਲ, ਹੁਸ਼ਿਆਰਪੁਰ - 40 ਸੀਟਾਂ

(3) ਸਿਖਲਾਈ ਸਕੂਲ, ਸਿਵਲ ਹਸਪਤਾਲ, ਬੀ.ਬੀ.ਐਮ ਬੀ. ਹਸਪਤਾਲ ਨੰਗਲ - 40 ਸੀਟਾਂ

(4) ਸਿਖਲਾਈ ਸਕੂਲ, ਸਿਵਲ ਹਸਪਤਾਲ, ਸੰਗਰੂਰ - 40 ਸੀਟਾਂ

(5) ਸਿਖਲਾਈ ਸਕੂਲ, ਸਿਵਲ ਹਸਪਤਾਲ, ਬਠਿੰਡਾ - 40 ਸੀਟਾਂ

(6) ਸਿਖਲਾਈ ਸਕੂਲ, ਸਿਵਲ ਹਸਪਤਾਲ, ਮੋਗਾ - 20 ਸੀਟਾਂ

ਇਨ੍ਹਾਂ ਦੇ ਦਾਖਲੇ ਅਗਸਤ 2010 ਵਿਚ ਹੋਣਗੇ। ਏ.ਐਨ.ਐਮ. ਦਾ ਡੇਢ ਸਾਲ ਦਾ ਕੋਰਸ ਕਰਨ ਤੋਂ ਬਾਅਦ ਇਹ ਏ.ਐਨ.ਐਮ. ਸਬ-ਸੈਂਟਰਾਂ ਵਿਚ ਕੰਟਰੈਕਟ ਦੇ ਆਧਾਰ ਤੇ ਨੈਸ਼ਨਲ ਰੂਰਲ ਹੈਲਥ ਮਿਸ਼ਨ ਦੇ ਤਹਿਤ ਰੱਖੀਆਂ ਜਾਂਦੀਆਂ ਹਨ ਅਤੇ ਸਾਰਾ ਖਰਚਾ ਭਾਰਤ ਸਰਕਾਰ ਦੇਂਦੀ ਹੈ। ਇਸ ਸਮੇਂ 2950 ਸਬ-ਸੈਂਟਰ ਹਨ ਅਤੇ ਹਰੇਕ ਸੈਂਟਰ ਵਿਚ ਇੱਕ-ਇੱਕ ਏ.ਐਨ.ਐਮ. 1900 ਸਬ-ਸੈਂਟਰ ਜਿਨ੍ਹਾਂ ਦੀ ਆਬਾਦੀ 6,000 ਤੋਂ ਜ਼ਿਆਦਾ ਹੈ ਉਥੇ ਇੱਕ ਦੂਸਰੀ ਏ.ਐਨ.ਐਮ. ਦਿੱਤੀ ਗਈ ਹੈ ਅਤੇ ਕੁਝ ਸ਼ਹਿਰਾਂ ਵਿਚ ਇਸ ਤਰ੍ਹਾਂ ਏ.ਐਨ.ਐਮ. ਦੀਆਂ ਕੁੱਲ ਪੋਸਟਾਂ ਤਕਰੀਬਨ 4200 ਬਣਦੀਆਂ ਹਨ। ਪਿਛਲੇ 2 ਸਾਲਾਂ ਵਿਚ ਅਸੀਂ ਲਗਭਗ 1600 ਏ.ਐਨ.ਐਨ ਭਰਤੀ ਕੀਤੀਆਂ ਹਨ। ਸਰਕਾਰ ਇਹ 6 ਸਕੂਲ ਚਲਾ ਰਹੀ ਹੈ ਅਤੇ ਪ੍ਰਾਈਵੇਟ ਅਦਾਰਿਆਂ ਵਿਚ ਤਕਰੀਬਨ 70 ਏ.ਐਨ.ਐਮ. ਸਕੂਲ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀ ਪ੍ਰਵਾਨਗੀ ਤੋਂ ਬਾਅਦ ਚਲ ਰਹੇ ਹਨ।

-2-

2. ਮਲਟੀਪਰਪਜ਼ ਹੈਲਥ ਵਰਕਰ (ਮੇਲ) ਜਿਨ੍ਹਾਂ ਨੂੰ ਆਮ ਤੌਰ ਤੇ ਮੇਲ ਵਰਕਰ ਕਿਹਾ ਜਾਂਦਾ ਹੈ ਲਈ ਹੇਠ ਲਿਖਿਆਂ 3 ਥਾਵਾਂ ਵਿਖੇ ਸਕੂਲ ਚੱਲ ਰਹੇ ਹਨ-

| | | |
|---|---|---|
| (1) | ਸਿਵਲ ਹਸਪਤਾਲ, ਨਾਭਾ | -60 ਸੀਟਾਂ |
| (2) | ਸਿਵਲ ਹਸਪਤਾਲ, ਅੰਮ੍ਰਿਤਸਰ | -60 ਸੀਟਾਂ |
| (3) | ਸਿਵਲ ਹਸਪਤਾਲ, ਖਰੜ | -60 ਸੀਟਾਂ |

ਇਹ ਕੋਰਸ ਡੇਢ ਸਾਲ ਦਾ ਹੈ। ਇਹਨਾਂ ਲਈ ਭਰਤੀ ਸਤੰਬਰ ਮਹੀਨੇ ਵਿਚ ਹੁੰਦੀ ਹੈ। ਹਰ ਸਬ-ਸੈਂਟਰ ਦੇ ਉਪਰ ਇੱਕ ਮੇਲ ਵਰਕਰ ਦੀ ਪੋਸਟ ਹੁੰਦੀ ਹੈ। ਇਸ ਸਮੇਂ ਤਕਰੀਬਨ 2000 ਪੋਸਟਾਂ ਭਰੀਆਂ ਹੋਈਆਂ ਹਨ ਅਤੇ 950 ਪੋਸਟਾਂ ਖਾਲੀ ਹਨ। ਇਨਾਂ ਦੀ ਤਨਖਾਹ ਪੰਜਾਬ ਸਰਕਾਰ ਵਲੋਂ ਦਿੱਤੀ ਜਾਂਦੀ ਹੈ। ਭਾਰਤ

ਸਰਕਾਰ ਵਲੋਂ ਬਾਰ-ਬਾਰ ਕਿਹਾ ਜਾਂਦਾ ਹੈ  ਕਿ ਹਰੇਕ ਸਬ-ਸੈਂਟਰ ਦੇ ਉਪਰ ਜੋ ਖਾਲੀ ਪੋਸਟਾਂ ਹਨ ਉਹ ਭਰੀਆਂ ਜਾਣ। ਪਰੰਤੂ ਪਿਛਲੇ ਕਈ ਸਾਲਾਂ ਤੋਂ ਇਹਨਾਂ ਦੀ ਭਰਤੀ ਨਹੀਂ ਹੋਈ। ਮੇਲ ਵਰਕਰ ਦਾ ਕੰਮ ਪਹਿਲਾਂ ਮਲੇਰੀਆ ਨੂੰ ਕੰਟਰੋਲ ਕਰਨ ਲਈ ਸੀ ਪਰੰਤੂ ਭਾਰਤ ਸਰਕਾਰ ਦੇ ਮੁਤਾਬਕ ਇਹਨਾਂ ਦਾ ਅਹਿਮ ਰੋਲ ਹੈ ਅਤੇ ਉਹ ਹੈ ਫੈਮਲੀ ਪਲਾਨਿੰਗ ਅਤੇ ਨਾਨ-ਕੰਮੀਊਨੀਕੇਬਲ ਬੀਮਾਰੀਆਂ ਜਿਵੇਂ ਕਿ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੇ ਰੋਗ, ਕੈਂਸਰ ਆਦਿ ਅਤੇ ਹੋਰ ਕੰਮੀਊਨੀਕੇਬਲ ਬੀਮਾਰੀਆਂ ਜਿਵੇਂ ਕਿ ਕੈਲੋਰਾ, ਗੈਸਟਰੋਰਾਈਟਸ, ਪੀਲੀਆ ਆਦਿ। ਭਾਰਤ ਸਰਕਾਰ ਦੀ ਇਹ ਵੀ ਸ਼ਰਤ ਹੈ ਕਿ ਰਾਜ ਸਰਕਾਰ ਇਸ ਨੂੰ ਡਾਇੰਗ ਕਾਡਰ ਨਾ ਸਮਝੇ।

3. ਇਸ ਤਰ੍ਹਾਂ ਸਿਹਤ ਵਿਭਾਗ ਵਿਚ 220 ਸੀਟਾਂ ਏ.ਐਨ.ਐਮ. ਦੀਆਂ ਅਤੇ 180 ਸੀਟਾਂ ਮੇਲ ਵਰਕਰਾਂ ਦੀਆਂ ਹਨ ਜਿਨ੍ਹਾਂ ਤੇ ਹਰ ਸਾਲ ਦਾਖਲਾ ਹੁੰਦਾ ਹੈ ਅਤੇ ਕਈ ਸਾਲਾਂ ਤੋਂ ਇਹ ਸੰਸਥਾਵਾਂ ਚਲ ਰਹੀਆਂ ਹਨ। ਸੁਝਾਉ ਹੈ ਕਿ ਇਨ੍ਹਾਂ ਤੇ ਦਾਖਲੇ ਹਰ ਸਾਲ ਚਲਦੇ ਰਹਿਣੇ ਚਾਹੀਦੇ ਹਨ।  ਮਾਨਯੋਗ ਮੁੱਖ ਮੰਤਰੀ ਜੀ ਦੀ ਸੂਚਨਾਂ ਹਿੱਤ ਭੇਜ ਦਿੱਤਾ ਜਾਵੇ।

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ
10/8/2010

ਮਾਨਯੋਗ ਮੁੱਖ ਮੰਤਰੀ ਜੀ

ਉਪਰੋਕਤ ਦਾ ਇੱਕ ਉਤਾਰਾ ਮਾਨਯੋਗ ਸਿਹਤ ਮੰਤਰੀ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ